# 9

# ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ

PJB 009/**2014**

**ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ**



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

### ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ

*ਇਹ ਪੁਸਤਿਕਾ ਤੁਹਾਨੂੰ ਕਾਨੂੰਨੀ ਮੁੱਦਿਆਂ ਦੀ ਇੱਕ ਬੁਨਿਆਦੀ ਸਮਝ ਦੇਣ ਲਈ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਦੇ ਲਈ ਇੱਕ ਵਿਕਲਪ ਨਹੀ ਹੈ। ਜੇਕਰ ਤੁਸੀਂ ਪਰਿਵਾਰਕ ਕਾਨੂੰਨ ਦੇ ਮੁੱਦੇ ਨਾਲ ਨਜਿੱਠ ਰਹੇ ਹੋ, ਤਾਂ ਤੁਹਾਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੇ ਵਿਕਲਪਾਂ ਨੂੰ ਸਮਝਣ ਲਈ ਅਤੇ ਆਪਣੇ ਹੱਕਾਂ ਦੀ ਸੁਰੱਖਿਆ ਲਈ ਜਿੰਨੀ ਛੇਤੀ ਸੰਭਵ ਹੋਵੇ ਤੁਸੀਂ ਕਾਨੂੰਨੀ ਸਲਾਹ ਪ੍ਰਾਪਤ ਕਰੋ। ਹੋਰ ਜਾਣਕਾਰੀ ਅਤੇ ਵਸੀਲਿਆਂ ਦੀ ਇੱਕ ਸੂਚੀ ਲਈ, www.onefamilylaw.ca'ਤੇ ਸਾਡੀ ਵੈਬਸਾਈਟ' ਤੇ ਜਾਓ। ਤੁਸੀਂ ਇੰਮੀਗ੍ਰੇਸ਼ਨ (ਆਵਾਸ) ਦੇ ਮਸਲਿਆਂ ਦੇ ਬਾਰੇ ਅਤੇ "ਲੁਕਿੰਗ ਫਾਰ ਏ ਫ਼ੈਮਿਲੀ ਲਾ ਲਾਇਰ" (ਪਰਿਵਾਰਕ ਕਾਨੂੰਨ ਦੇ ਵਕੀਲ ਦੀ ਖੋਜ) ਤੇ ਸਾਡੇ ਵੈਬਿਨਾਰ ਵੀ ਵੇਖਣਾ ਚਾਹੋਗੇ। ਇਹ ਸਾਰੇ ਸਰੋਤ ਸਾਡੀ ਵੈਬਸਾਇਟ www.onefamilylaw.ca.*

ਪਰਿਵਾਰ ਦਾ ਟੁੱਟਣਾ ਮਹਿਲਾਵਾਂ ਅਤੇ ਉਹਨਾਂ ਦੇ ਬਚਿਆਂ ਲਈ ਇੱਕ ਮੁਸ਼ਕਲ ਅਤੇ ਤਣਾਅਪੂਰਣ ਸਮਾਂ ਹੁੰਦਾ ਹੈ। ਜੇ ਤੁਸੀਂ ਅਤੇ ਤੁਹਾਡਾ ਸਾਥੀ ਵੱਖ ਹੁੰਦੇ ਹੋ ਤਾਂ ਤੁਹਾਨੂੰ ਬਹੁਤ ਸਾਰੇ ਕਾਨੂੰਨੀ ਮੁੱਦੇ ਸੁਲਝਾਉਣੇ ਪੈਣਗੇ। ਸੰਭਾਵਿਤ ਹੈ ਕਿ ਤੁਹਾਨੂੰ ਵਿੱਤੀ ਸਹਿਯੋਗ ਬਾਰੇ ਫ਼ੈਸਲਾ ਲੈਣਾ ਪਏ, ਆਪਣੇ ਬਚਿਆਂ ਬਾਰੇ ਪ੍ਰਬੰਧ ਕਰਨੇ ਪੈਣ ਅਤੇ ਆਪਣੀ ਪਰਿਵਾਰਿਕ ਜਾਇਦਾਦ ਵੰਡਣੀ ਪਏ। ਇਹ ਮੁਸ਼ਕਲ ਮੁੱਦੇ ਹਨ। ਕੁਝ ਜੋੜੇ ਇਹਨਾਂ ਨਾਲ ਆਪਸ ਵਿਚ ਹੀ ਨਜਿੱਠਣ ਦੇ ਯੋਗ ਹੁੰਦੇ ਹਨ। ਪਰ ਬਹੁਤੇ ਕੇਸਾਂ ਵਿੱਚ, ਤੁਹਾਨੂੰ ਇਹਨਾਂ ਪ੍ਰਬੰਧਾਂ ਨੂੰ ਸੁਲਝਾਉਣ ਲਈ ਮਦਦ ਦੀ ਲੋੜ ਹੋਵੇਗੀ।

**ਇਸ ਤੋਂ ਪਹਿਲਾਂ ਕਿ ਤੁਸੀਂ ਵਕੀਲ ਦੀ ਭਾਲ ਕਰੋ**, ਤੁਹਾਨੂੰ ਆਪਣੀ ਸਥਿਤੀ ਬਾਰੇ ਕੁਝ ਆਮ ਕਾਨੂੰਨੀ ਜਾਣਕਾਰੀ ਇਕੱਠੀ ਕਰਨਾ ਸਹਾਇਕ ਹੋਵੇਗਾ। ਇਹ ਵੈਬਸਾਈਟਾਂ ਤੁਹਾਨੂੰ ਆਪਣੇ ਕਾਨੂੰਨੀ ਅਧਿਕਾਰ, ਜ਼ਿੰਮੇਵਾਰੀ ਅਤੇ ਚੋਣ ਬਾਰੇ ਹੋਰ ਸਿੱਖਣ ਵਿੱਚ ਮਦਦ ਕਰਨ ਲਈ ਮੁਫ਼ਤ ਕਾਨੂੰਨੀ ਜਾਣਕਾਰੀ ਪੇਸ਼ ਕਰਦੀਆਂ ਹਨ:

- **ਮਹਿਲਾਵਾਂ ਲਈ ਪਰਿਵਾਰਿਕ ਕਾਨੂੰਨਾਂ ਦੀ ਸਿੱਖਿਆ** (ਫਲਿਊ)
  www.onefamilylaw.ca
- **ਪਰਿਵਾਰਿਕ ਕਾਨੂੰਨਾਂ ਦੀ ਜਾਣਕਾਰੀ ਦਾ ਪ੍ਰੋਗਰਾਮ** (ਫਲਿੱਪ)
  ਲੀਗਲ ਏਡ ਓਨਟਾਰੀਓ ਵਲੋਂ ਉਪਲੱਬਧ
  www.legalaid.on.ca
- **ਕਮਿਊਨਿਟੀ ਕਾਨੂੰਨੀ ਸਿੱਖਿਆ ਉਨਟਾਰੀਓ** (ਸੀਐਲਈਓ)
  www.cleo.on.ca
- **ਤੁਹਾਡੇ ਕਾਨੂੰਨੀ ਹੱਕ**
  www.yourlegalrights.on.ca
- **ਓਨਟਾਰੀਓ ਮਨਿਸਟਰੀ ਆਫ਼ ਦ ਅਟਾਰਨੀ ਜਨਰਲ**
  www.attorneygeneral.jus.gov.on.ca

ਤੁਸੀਂ ਪਰਿਵਾਰਕ ਕਾਨੂੰਨ, ਅਦਾਲਤ ਦੀਆਂ ਕਾਰਵਾਈਆਂ, ਅਦਾਲਤੀ ਫਾਰਮਾਂ ਅਤੇ ਹੋਰ ਜਾਣਕਾਰੀ ਬਾਰੇ ਮੁਫ਼ਤ ਕਾਨੂੰਨੀ ਜਾਣਕਾਰੀ ਇਹਨਾਂ ਸਥਾਨਾਂ ਤੇ ਪ੍ਰਾਪਤ ਕਰ ਸਕਦੇ ਹੋ:

- **ਪਰਿਵਾਰਕ ਕਾਨੂੰਨ ਜਾਣਕਾਰੀ ਕੇਂਦਰ** (ਫਲਿੱਕ) – ਸੂਬੇ ਭਰ ਵਿੱਚ ਪਰਿਵਾਰਕ ਅਦਾਲਤਾਂ ਵਿਚ ਸਥਿਤ
- **ਲੀਗਲ ਏਡ ਪਰਿਵਾਰਕ ਕਾਨੂੰਨ ਦੇ ਸੇਵਾ ਕੇਂਦਰ** (ਐਫਐਲਐਸਸੀ) – ਮੌਜੂਦਾ ਸਮੇਂ ਉੱਤੇ ਟੋਰਾਂਟੋ, ਉੱਤਰੀ ਨਾਰਥ ਯਾਰਕ, ਬ੍ਰੈਮਪਟਨ, ਨਿਊਮਾਰਕਿਟ, ਸਾਰਨੀਆ, ਵਿੰਡਸਰ, ਚੈਟਮ, ਅਤੇ ਵੈਲਲੈਂਡ ਵਿੱਚ ਸਥਿਤ
- **ਲੀਗਲ ਏਡ ਫੈਮਲੀ ਲਾਅ ਦਫਤਰ** – ਮੌਜੂਦਾ ਸਮੇਂ ਉੱਤੇ ਕੈਨੋਰਾ, ਓਟਵਾ ਅਤੇ ਥੰਡਰ ਬੇ ਵਿੱਚ ਸਥਿਤ

ਇਹਨਾਂ ਵਿਚੋਂ ਕੁਝ ਸੇਵਾਵਾਂ ਨੂੰ ਵਰਤਣ ਲਈ ਤੁਹਾਨੂੰ ਇਹ ਦਿਖਾਉਣਾ ਪਏਗਾ ਕਿ ਤੁਸੀਂ ਵਕੀਲ ਦੇ ਖਰਚ ਦਾ ਭੁਗਤਾਨ ਕਰਨ ਦੀ ਸਮਰੱਥਾ ਨਹੀਂ ਰਖਦੇ। ਇਹਨਾਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਅਤੇ ਆਪਣੇ ਨੇੜਲੇ ਟਿਕਾਣਿਆਂ ਲਈ ਲੀਗਲ ਏਡ ਓਨਟਾਰੀਓ ਦੀ ਵੈਬਸਾਇਟ **www.legalaid.on.ca** ਵੇਖੋ ਜਾਂ ਇਸ ਨੰਬਰ **1-800-668-8258** ਤੇ ਕਰ ਰਹਿਤ ਕਾਲ ਕਰੋ।

## ਇਹ ਫ਼ੈਸਲਾ ਕਰਨਾ ਕਿ ਤੁਹਾਨੂੰ ਵਕੀਲ ਦੀ ਕਦੋਂ ਲੋੜ ਹੈ

ਹਰ ਸਥਿਤੀ ਵਿਚ ਵਕੀਲ ਦੀ ਲੋੜ ਨਹੀਂ ਹੁੰਦੀ, ਪਰੰਤੂ ਬਹੁਤ ਸਾਰੀਆਂ ਪਰਿਵਾਰਕ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਪ੍ਰਾਪਤ ਕਰਨਾ ਮਹੱਤਵਪੂਰਨ ਹੈ। ਜੇ ਤੁਸੀਂ ਕਾਨੂੰਨੀ ਸਲਾਹ ਨਹੀਂ ਲੈਂਦੇ ਤਾਂ ਤੁਸੀਂ ਆਪਣੇ ਕਈ ਮਹੱਤਵਪੂਰਨ ਹੱਕਾਂ ਬਾਰੇ ਨਹੀਂ ਪਤਾ ਲਗਾ ਸਕਦੇ ਜੋ ਕਿ ਤੁਹਾਨੂੰ ਮਿਲ ਸਕਦੇ ਹਨ। ਇਹ ਫ਼ੈਸਲਾ ਕਰਦੇ ਹੋਏ ਕਿ ਤੁਹਾਨੂੰ ਪਰਿਵਾਰਕ ਕਾਨੂੰਨ ਦੇ ਵਕੀਲ ਦੀ ਲੋੜ ਹੈ ਜਾਂ ਨਹੀਂ, ਹੇਠ ਲਿਖੇ ਪ੍ਰਸ਼ਨਾਂ ਨੂੰ ਧਿਆਨ ਵਿਚ ਰਖੋ:

- ਇਹ ਮੁੱਦਾ ਕਿੰਨਾ ਜ਼ਰੂਰੀ ਹੈ? (ਕੀ ਤੁਹਾਨੂੰ ਆਪਣੇ ਬੱਚੇ ਜਾਂ ਘਰ ਗੁਆਉਣ ਦਾ ਖਤਰਾ ਹੈ? ਕੀ ਤੁਹਾਡੇ ਸਾਥੀ ਨੇ ਤੁਹਾਡੇ ਨਾਲ ਦੁਰਵਿਵਹਾਰ ਕੀਤਾ ਹੈ?)
- ਕੀ ਤੁਸੀਂ ਅਤੇ ਤੁਹਾਡਾ ਸਾਥੀ ਸਕੂਨ ਨਾਲ ਅਤੇ ਵਾਜਬ ਤੌਰ ਨਾਲ ਗੱਲ ਕਰ ਸਕਦੇ ਹੋ? (ਕੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਆਪਣੇ ਸਾਥੀ ਨਾਲ ਨਿਰਪੱਖ ਹੱਲ ਤੇ ਪਹੁੰਚ ਸਕਦੇ ਹੋ?)
- ਕੀ ਤੁਸੀਂ ਸੁਖਾਵੇਂ ਹੋ, ਅਤੇ ਕੀ ਤੁਹਾਡੇ ਸਾਥੀ ਨਾਲ ਸੰਪਰਕ ਰੱਖਣਾ, ਸੁਰੱਖਿਅਤ ਹੈ?
- ਕੀ ਤੁਹਾਡੇ ਸਾਥੀ ਦਾ ਕੋਈ ਵਕੀਲ ਹੈ?
- ਕੀ ਤੁਸੀਂ ਅਦਾਲਤ ਜਾਣਾ ਚਾਹੁੰਦੇ ਹੋ?
- ਕੀ ਤੁਹਾਡੇ ਕੋਲ ਵਕੀਲ ਦੀ ਸੇਵਾ ਲੈਣ ਲਈ ਕਾਫ਼ੀ ਪੈਸਾ ਹੈ?
- ਕੀ ਤੁਸੀਂ ਲੀਗਲ ਏਡ (ਕਾਨੂੰਨੀ ਸਹਾਇਤਾ) ਲਈ ਯੋਗ ਹੋ?
- ਕੀ ਵਕੀਲ ਦੇ ਇਲਾਵਾ ਹੋਰ ਕੋਈ ਤੁਹਾਡੀ ਮਦਦ ਕਰ ਸਕਦਾ ਹੈ?
- ਕੀ ਤੁਸੀਂ ਕੁਝ ਕੰਮ ਵਕੀਲ ਨਾਲ ਅਤੇ ਕੁਝ ਕੰਮ ਵਕੀਲ ਦੇ ਬਿਨਾਂ ਕਰ ਸਕਦੇ ਹੋ?

## ਸਾਥੀ ਵਲੋਂ ਦੁਰਵਿਵਹਾਰ

**ਜੇ ਤੁਹਾਡਾ ਰਿਸ਼ਤਾ ਬਦਸਲੂਕੀ ਵਾਲਾ ਹੈ ਜਾਂ ਸੀ, ਤਾਂ ਤੁਹਾਡੇ ਲਈ ਸੇਵਾਵਾਂ ਮੌਜੂਦ ਹਨ।**

1. ਤੁਸੀਂ **ਅਸਾਲਟਿਡ ਵੂਮੈਨ ਹੈਲਪਲਾਈਨ** ਤੇ ਕਾਲ ਕਰ ਸਕਦੇ ਹੋ:
   - 416-863-0511 (ਟੋਰਾਂਟੋ ਵਿਚ)
   - 1-866-863-0511 (ਕਰ ਰਹਿਤ)
   - 1-866-863-7868 (ਟੀਟੀਵਾਈ ਲਾਈਨ)

**ਇਹ ਇੱਕ 24-ਘੰਟੇ ਦੀ ਸੰਕਟ ਲਾਈਨ ਹੈ**, ਅਤੇ ਸੇਵਾਵਾਂ 150 ਤੋਂ ਵੱਧ ਭਾਸ਼ਾਵਾਂ ਵਿੱਚ, 24 ਘੰਟੇ/ਹਫਤੇ ਦੇ 7 ਦਿਨ ਉਪਲਬਧ ਹਨ। ਕਿਸੇ ਏਮਰਜੰਸੀ ਵਿੱਚ, ਤੁਸੀਂ ਪੁਲਿਸ ਨੂੰ (911 ਡਾਇਲ ਕਰੋ) ਵੀ ਕਾਲ ਕਰ ਸਕਦੇ ਹੋ।

2. ਜੇ ਤੁਸੀਂ ਪਰਿਵਾਰਕ ਅਦਾਲਤ ਵਿਚ ਜਾ ਰਹੇ ਹੋ, **ਪਰਿਵਾਰਕ ਅਦਾਲਤ ਸਹਿਯੋਗ ਕਾਮੇ** ਤੁਹਾਡੀ ਮਦਦ ਕਰ ਸਕਦੇ ਹਨ। ਪਰਿਵਾਰਕ ਅਦਾਲਤ ਸਹਿਯੋਗ ਕਾਮੇ ਘਰੇਲੂ ਹਿੰਸਾ ਤੋਂ ਬਚੇ ਲੋਕਾਂ ਦੀ ਮਦਦ ਕਰਦੇ ਹਨ ਜੋ ਪਰਿਵਾਰਕ ਕਾਨੂੰਨ ਅਦਾਲਤ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਹਨ। ਇੱਕ ਅਦਾਲਤ ਸਹਿਯੋਗ ਕਾਮਾ ਇਹ ਕਰ ਸਕਦਾ ਹੈ:
   - ਪਰਿਵਾਰਕ ਅਦਾਲਤ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਾ ਹੈ
   - ਤੁਹਾਨੂੰ ਪਰਿਵਾਰਕ ਅਦਾਲਤ ਦੀ ਕਾਰਵਾਈ ਲਈ ਤਿਆਰੀ ਕਰਨ ਵਿਚ ਮਦਦ
   - ਤੁਹਾਡੇ ਭਾਈਚਾਰੇ ਵਿੱਚ ਹੋਰ ਵਿਸ਼ੇਸ਼ ਸੇਵਾਵਾਂ ਅਤੇ ਸਹਿਯੋਗ ਲਈ ਸਿਫ਼ਾਰਸ਼ ਕਰਦੇ ਹਨ
   - ਸੁਰੱਖਿਆ ਦੀ ਯੋਜਨਾ ਦੇ ਨਾਲ ਮਦਦ, ਜਿਵੇਂ ਸੁਰੱਖਿਅਤ ਢੰਗ ਨਾਲ ਕੋਰਟ ਤੱਕ ਜਾਣਾ ਅਤੇ ਵਾਪਸ ਆਉਣਾ
   - ਕੁਝ ਕੇਸਾਂ ਵਿੱਚ, ਅਦਾਲਤੀ ਕਾਰਵਾਈਆਂ ਵਿਚ ਨਾਲ ਜਾਣਾ

ਜੇਕਰ ਤੁਹਾਨੂੰ ਇੱਕ ਪਰਿਵਾਰਕ ਅਦਾਲਤ ਸਹਿਯੋਗ ਕਾਮਾ ਲੱਭਣ ਵਿੱਚ ਮਦਦ ਦੀ ਲੋੜ ਹੋਵੇ, ਤਾਂ **ਵਿਕਟਮ ਸਪੋਰਟ ਲਾਈਨ** ਨੂੰ ਕਾਲ ਕਰੋ:
   - 416-314-2447 (ਟੋਰਾਂਟੋ ਵਿੱਚ)
   - 1-888-579-2888 (ਕਰ ਰਹਿਤ)

3. **ਜੇ ਤੁਹਾਡਾ ਰਿਸ਼ਤਾ ਬਦਸਲੂਕੀ ਵਾਲਾ ਸੀ ਜਾਂ ਹੈ, ਤਾਂ ਵੀ ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਤੁਸੀਂ ਵਕੀਲ ਨਾਲ ਗੱਲ ਕਰੋ।**

## ਇੱਕ ਪਰਿਵਾਰਕ ਕਾਨੂੰਨ ਦੇ ਵਕੀਲ ਨੂੰ ਕਿੱਥੇ ਲੱਭੀਏ

ਤੁਹਾਨੂੰ ਅਜਿਹਾ ਵਕੀਲ ਚੁਣਨਾ ਚਾਹੀਦਾ ਹੈ ਜੋ ਤੁਹਾਡੇ ਲਈ ਸਹੀ ਹੋਵੇ। ਇਸ ਪੁਸਤਿਕਾ ਵਿਚ ਦਿੱਤੀ ਜਾਣਕਾਰੀ ਕਿਸੇ ਇੱਕ ਵਕੀਲ ਜਾਂ ਕਾਨੂੰਨੀ ਸੇਵਾ ਦੀ ਸਿਫਾਰਿਸ਼ ਨਹੀਂ ਕਰਦੀ। ਜੇ ਤੁਸੀਂ ਕਿਸੇ ਪਰਿਵਾਰਕ ਕਾਨੂੰਨ ਦੇ ਵਕੀਲ ਨੂੰ ਨਹੀਂ ਜਾਣਦੇ ਤਾਂ, ਇੱਥੇ ਕੁਝ ਥਾਵਾਂ ਹਨ ਜੋ ਉਸਨੂੰ ਲਭਣ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ:

### 1. ਲੀਗਲ ਏਡ ਓਨਟਾਰੀਓ (ਐਲ ਏ ਓ)

ਲੀਗਲ ਏਡ ਓਨਟਾਰੀਓ, ਓਨਟਾਰੀਓ ਦੇ ਉਹਨਾਂ ਨਿਵਾਸੀਆਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਂਦਾ ਹੈ, ਜੋ ਇਹ ਦਰਸ਼ਾਉਂਦੇ ਹਨ ਕਿ ਉਹ ਕਿਸੇ ਵਕੀਲ ਲਈ ਖਰਚ ਦਾ ਭੁਗਤਾਨ ਕਰਨ ਦੀ ਸਮਰੱਥਾ ਨਹੀ ਰਖਦੇ। ਲੀਗਲ ਏਡ ਹਰ ਤਰਾਂ ਦੀ ਕਾਨੂੰਨੀ ਸਮੱਸਿਆ ਨਾਲ ਸਹਾਇਤਾ ਨਹੀਂ ਕਰ ਸਕਦਾ ਹੈ, ਪਰੰਤੂ ਤੁਸੀਂ ਗੁੰਝਲਦਾਰ ਪਰਿਵਾਰਕ ਕਾਨੂੰਨੀ ਕੇਸਾਂ ਵਿਚ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ, ਜਿਵੇਂ ਕਿ:

- ਹਿਰਾਸਤ, ਪਹੁੰਚ, ਸਹਿਯੋਗ ਜਾਨ ਜਾਇਦਾਦ ਦੇ ਗੰਭੀਰ ਵਿਵਾਦ
- ਹਿਰਾਸਤ, ਪਹੁੰਚ ਅਤੇ ਸਹਿਯੋਗ ਦੇ ਗੁੰਝਲਦਾਰ ਦਾਅਵਿਆਂ ਨੂੰ ਬਦਲਣ ਦੇ ਆਦੇਸ਼

ਲੀਗਲ ਏਡ ਬੱਚੇ ਦੀ ਸੁਰੱਖਿਆ ਦੇ ਮਾਮਲੇ ਵਿਚ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।

ਲੀਗਲ ਏਡ ਓਨਟਾਰੀਓ ਨੂੰ ਅਰਜ਼ੀ ਦੇਣ ਲਈ, **1-800-668-8258** ‘ਤੇ **ਗ੍ਰਾਹਕ ਸੇਵਾ ਸੈਂਟਰ** ਨੂੰ ਫ਼ੋਨ ਕਰੋ। ਜਾਣਕਾਰੀ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲੱਬਧ ਹੈ। (ਲੀਗਲ ਏਡ ਸਰਟੀਫਿਕੇਟ ਬਾਰੇ ਵਧੇਰੇ ਜਾਣਕਾਰੀ ਲਈ ਹੇਠਾਂ ਦੇਖੋ।)

**a) ਘਰੇਲੂ ਹਿੰਸਾ**

ਜੇ ਤੁਸੀ **ਹਿੰਸਾ ਜਾਂ ਬਦਸਲੂਕੀ** ਅਨੁਭਵ ਕਰ ਰਹੇ ਹੋ ਅਤੇ ਤੁਰੰਤ ਕਾਨੂੰਨੀ ਮਦਦ ਦੀ ਲੋੜ ਹੈ, ਤਾਂ ਤੁਸੀਂ **ਪਰਿਵਾਰਕ ਹਿੰਸਾ ਆਥੋਰਾਈਜ਼ੇਸ਼ਨ ਪ੍ਰੋਗਰਾਮ** ਦੁਆਰਾ ਕਿਸੇ ਵਕੀਲ ਨਾਲ ਇੱਕ ਵਾਰ ਮੁਫ਼ਤ ਦੋ-ਘੰਟੇ ਲਈ ਮਸ਼ਵਰਾ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ ਕੁਝ ਮਹਿਲਾ ਸ਼ਰਣ ਕੇਂਦਰਾਂ, ਕਮਿਊਨਿਟੀ ਲੀਗਲ ਕਲਿਨਿਕਾਂ, ਫੈਮਲੀ ਲਾਅ ਸੇਵਾ ਕੇਂਦਰਾਂ ਰਾਹੀਂ, ਅਤੇ **ਲੀਗਲ ਏਡ ਦੇ ਗ੍ਰਾਹਕ ਸੇਵਾ ਕੇਂਦਰ** ਨੂੰ **1-800-668-8258** ‘ਤੇ ਫ਼ੋਨ ਕਰ ਕੇ ਪੇਸ਼ ਕੀਤਾ ਜਾਂਦਾ ਹੈ।

ਜੇ ਤੁਹਾਨੂੰ ਤੁਰੰਤ ਕੋਈ ਖਤਰਾ ਨਹੀਂ ਹੈ, ਤਾਂ ਵੀ ਲੀਗਲ ਏਡ ਨੂੰ ਇਹ ਦੱਸਣ ਬਾਰੇ ਸੋਚਣਾ ਮਹੱਤਵਪੂਰਨ ਹੈ ਜੇ ਤੁਹਾਡਾ ਸਾਥੀ ਦੁਰਵਿਵਹਾਰ ਕਰਨ ਵਾਲਾ ਹੈ ਜਾਂ ਸੀ। ਤੁਸੀਂ ਉਨ੍ਹਾਂ ਨੂੰ ਆਪਣੀ ਜਾਣਕਾਰੀ ਨੂੰ ਗੁਪਤ ਰੱਖਣ ਲਈ ਕਹਿ ਸਕਦੇ ਹੋ।

ਘਰੇਲੂ ਹਿੰਸਾ ਦੇ ਹਾਲਾਤਾਂ ਵਿਚ, ਲੀਗਲ ਏਡ ਇਹ ਫ਼ੈਸਲਾ ਲੈਂਦੇ ਹੋਏ ਕਿ ਤੁਸੀਂ ਕਾਨੂੰਨੀ ਮਦਦ ਦੇ ਯੋਗ ਹੋ ਜਾਂ ਨਹੀਂ, ਆਪਣੇ ਸਖ਼ਤ ਨਿਯਮਾਂ ਨੂੰ ਨਰਮ ਕਰ ਦਿੰਦਾ ਹੈ ਕਿ ਤੁਸੀਂ ਵਕੀਲ ਦਾ ਖਰਚ ਚੁੱਕ ਸਕਦੇ ਹੋ ਜਾਂ ਨਹੀਂ। ਹਿੰਸਾ ਜਾਂ ਦੁਰਵਿਵਹਾਰ ਬਾਰੇ ਪਤਾ ਹੋਣਾ ਲੀਗਲ ਏਡ ਨੂੰ ਤੁਹਾਡੀਆਂ ਕਾਨੂੰਨੀ ਲੋੜਾਂ ਨੂੰ ਬਿਹਤਰ ਜਾਣਨ ਵਿਚ ਮਦਦ ਕਰੇਗਾ ਅਤੇ ਸੰਭਵ ਹੈ ਤੁਹਾਨੂੰ ਤੇਜ਼ੀ ਨਾਲ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰ ਸਕੇਗਾ।

**b) ਲੀਗਲ ਏਡ ਸੰਖੇਪ ਸਲਾਹ ਸੇਵਾਵਾਂ**

ਜੇਕਰ ਤੁਹਾਡਾ ਪਰਿਵਾਰਕ ਕਾਨੂੰਨ ਦਾ ਮੁੱਦਾ ਹੈ ਅਤੇ ਤੁਸੀਂ ਲੀਗਲ ਏਡ ਓਨਟਾਰੀਓ ਦੀ ਘੱਟ ਆਮਦਨ ਵਾਲੇ ਨਿਯਮ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ 20 ਮਿੰਟ ਲਈ ਫੋਨ' ਤੇ ਕਿਸੇ ਵਕੀਲ ਨਾਲ ਗੱਲ ਕਰਨ ਦੇ ਯੋਗ ਹੋ ਸਕਦੇ ਹੋ। **ਸੰਖੇਪ ਸਲਾਹ** ਤੁਹਾਡੀ ਕਨੂੰਨੀ ਸਥਿਤੀ ਦੇ ਤੱਥਾਂ ਦੇ ਆਧਾਰ 'ਤੇ ਇਕ ਵਕੀਲ ਦੀ ਆਮ ਰਾਇ ਹੁੰਦੀ ਹੈ। ਵਕੀਲ ਤੁਹਾਡੇ ਕਾਨੂੰਨੀ ਵਿਕਲਪਾਂ ਬਾਰੇ ਗੱਲਬਾਤ ਕਰ ਸਕਦਾ ਹੈ ਅਤੇ ਤੁਹਾਨੂੰ ਤੁਹਾਡੇ ਕੇਸ ਬਾਰੇ ਚੁਕੇ ਜਾਣ ਵਾਲੇ ਕਦਮਾਂ ਬਾਰੇ ਸੁਝਾਅ ਦੇ ਸਕਦਾ ਹੈ। ਤੁਸੀਂ ਵਕੀਲ ਨੂੰ ਸਾਖਿਆਤ ਨਹੀਂ ਮਿਲੋਗੇ ਅਤੇ ਸੰਖੇਪ ਸਲਾਹ ਵਕੀਲ ਅਦਾਲਤ ਵਿਚ ਤੁਹਾਡੀ ਨੁਮਾਇੰਦਗੀ ਨਹੀਂ ਕਰ ਸਕਦਾ।
ਇਹ ਸੇਵਾ **1-800-668-8258** 'ਤੇ ਲੀਗਲ ਏਡ ਉਨਟਾਰੀਓ ਨੂੰ ਫ਼ੋਨ ਕਰ ਕੇ ਉਪਲਬਧ ਹੈ। ਅਨੁਵਾਦ ਸੇਵਾਵਾਂ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹਨ। ਇਹ ਬਿਹਤਰ ਹੋਵੇਗਾ ਕਿ ਤੁਸੀਂ ਆਪਣੇ ਤੱਥ, ਦਸਤਾਵੇਜ਼, ਅਤੇ ਸਵਾਲ ਕਾਲ ਕਰਨ ਤੋਂ ਪਹਿਲਾਂ ਤਿਆਰ ਰਖੋ।

## 2. ਕਮਿਊਨਿਟੀ ਲੀਗਲ ਕਲੀਨਿਕ

ਤੁਹਾਡਾ ਸਥਾਨਕ ਕਮਿਊਨਿਟੀ ਲੀਗਲ ਕਲੀਨਿਕ ਤੁਹਾਡੇ ਖੇਤਰ ਵਿੱਚ ਪਰਿਵਾਰਕ ਕਾਨੂੰਨ ਵਕੀਲ ਕਰਨ ਲਈ ਤੁਹਾਨੂੰ ਇੱਕ ਰੈਫ਼ਰਲ ਦੇਣ ਦੇ ਯੋਗ ਹੋ ਸਕਦਾ ਹੈ। ਕੁਝ ਕਮਿਊਨਿਟੀ ਕਲੀਨਿਕ ਸੀਮਤ ਪਰਿਵਾਰਕ ਕਾਨੂੰਨੀ ਸੇਵਾਵਾਂ ਪੇਸ਼ ਕਰਦੇ ਹਨ। ਉਨਟਾਰੀਓ ਵਿੱਚ 77 ਕਮਿਊਨਿਟੀ ਲੀਗਲ ਕਲੀਨਿਕ ਹਨ, ਅਤੇ 17 ਖਾਸ ਲੀਗਲ ਕਲੀਨਿਕ ਹਨ ਜੋ ਕਿ ਖਾਸ ਸਮੂਹਾਂ ਦੀ ਮਦਦ ਕਰਨ 'ਤੇ ਧਿਆਨ ਦਿੰਦੇ ਹਨ। ਆਪਣੇ ਨੇੜਲੇ ਅਤੇ ਤੁਹਾਡੇ ਲਈ ਸਭ ਤੋਂ ਵਧੀਆ ਕਲੀਨਿਕ ਦਾ ਪਤਾ ਕਰਨ ਲਈ, **1-800-668-8258** 'ਤੇ ਲੀਗਲ ਏਡ ਉਨਟਾਰੀਓ ਦੀ ਮੁੱਖ ਲਾਈਨ ਤੇ ਕਾਲ ਕਰੋ ਜਾਂ **www.legalaid.on.ca** ਤੇ ਵੈਬਸਾਈਟ 'ਤੇ ਜਾਓ।

## 3. ਜਸਟਿਸਨੈਟ

ਜਸਟਿਸਨੈਟ ਇੱਕ ਨਾ-ਮੁਨਾਫਾ ਸੇਵਾ ਹੈ ਜੋ ਅਜਿਹੇ ਲੋਕਾਂ ਦੀ ਮਦਦ ਕਰਦੀ ਹੈ ਜਿਹਨਾਂ ਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਪਰ ਉਹ ਲੀਗਲ ਏਡ ਲਈ ਯੋਗਤਾ ਪੂਰੀ ਨਹੀਂ ਕਰ ਸਕਦੇ। ਜਸਟਿਸਨੈਟ ਤੁਹਾਨੂੰ ਅਜਿਹਾ ਵਕੀਲ ਲੱਭਣ ਵਿਚ ਮਦਦ ਕਰ ਸਕਦਾ ਹੈ ਜੋ ਘੱਟ ਕੀਮਤ ਤੇ ਕੰਮ ਕਰਨ ਲਈ ਤਿਆਰ ਹੋਵੇ। ਆਪਣੇ ਇਲਾਕੇ ਦੇ ਭਾਗ ਲੈਣ ਵਾਲੇ ਵਕੀਲ ਬਾਰੇ ਜਾਣਨ ਲਈ ਵੈਬਸਾਇਟ 'ਤੇ ਦਿਤੀ ਗਈ ਡਾਇਰੈਕਟਰੀ ਵਰਤੋ, ਾ **www.justicenet.ca** ਜਾਂ 1-866-919-3219 'ਤੇ ਕਾਲ ਕਰੋ (ਕਰ ਰਹਿਤ)।

## 4. ਪ੍ਰਾਈਵੇਟ ਪ੍ਰੈਕਟਿਸ ਵਿਚ ਪਰਿਵਾਰਕ ਕਾਨੂੰਨ ਦੇ ਵਕੀਲ

ਪ੍ਰਾਈਵੇਟ ਪ੍ਰੈਕਟਿਸ ਵਿੱਚ ਇੱਕ ਪਰਿਵਾਰਕ ਕਾਨੂੰਨ ਦੇ ਵਕੀਲ ਦਾ ਪਤਾ ਕਰਨ ਲਈ, ਤੁਸੀਂ ਕਿਸੇ ਰਿਸ਼ਤੇਦਾਰ, ਦੋਸਤ, ਕਮਿਊਨਿਟੀ ਏਜੰਸੀ ਦੇ ਸਹਿਯੋਗ ਵਰਕਰ ਜਾਂ ਮਹਿਲਾ ਸ਼ਰਨ ਕੇਂਦਰ ਵਿਚ ਸਿਫਾਰਿਸ਼ ਦੀ ਮੰਗ ਕਰ ਸਕਦੇ ਹੋ। ਤੁਹਾਡਾ ਟੀਚਾ ਤੁਹਾਡੇ ਭਰੋਸੇ ਦਾ ਵਕੀਲ ਲੱਭਣਾ ਹੋਣਾ ਚਾਹੀਦਾ ਹੈ ਜਿਸ ਤੇ ਤੁਸੀਂ ਭਰੋਸਾ ਕਰ ਸਕੋ ਅਤੇ ਜਿਸ ਨਾਲ ਕੰਮ ਕਰਨ ਵਿਚ ਤੁਸੀਂ ਸੁਖਾਵਾਂ ਮਹਿਸੂਸ ਕਰੋ। ਕੇਵਲ ਇਸ ਲਈ ਕਿ ਤੁਹਾਡੇ ਮਿੱਤਰ ਨੂੰ ਇੱਕ ਖਾਸ ਵਕੀਲ ਪਸੰਦ ਹੈ ਜਾਂ ਤੁਹਾਡਾ ਪਰਿਵਾਰ ਕਿਸੇ ਵਕੀਲ ਦੀ ਸਿਫਾਰਸ਼ ਕਰਦਾ ਹੈ, ਇਸਦਾ ਹਮੇਸ਼ਾ ਇਹ ਮਤਲਬ ਨਹੀ ਹੈ ਉਹ ਹੀ ਵਕੀਲ ਤੁਹਾਡੇ ਲਈ ਠੀਕ ਹੋਵੇਗਾ। ਇਹ ਸੇਵਾ ਪ੍ਰਾਈਵੇਟ ਪ੍ਰੈਕਟਿਸ ਵਿੱਚ ਵਕੀਲ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

- **ਲਾਅ ਸੁਸਾਇਟੀ ਆਫ਼ ਅੱਪਰ ਕੈਨੇਡਾ (ਐਲਐਸਯੂਸੀ) ਦੀ ਲਾਇਰ ਰੈਫ਼ਰਲ ਸਰਵਿਸ** ਤੁਹਾਨੂੰ ਤੁਹਾਡੇ ਇਲਾਕੇ ਵਿੱਚ ਕਿਸੇ ਵਕੀਲ ਦਾ ਨਾਮ ਦੇ ਸਕਦੀ ਹੈ ਜੋ ਇੱਕ ਵਾਰ ਲਈ ਤੁਹਾਨੂੰ, ਅੱਧੇ ਘੰਟੇ ਦੀ ਮੁਫਤ ਸਲਾਹ ਮੁਹੱਈਆ ਕਰਵੇਗਾ। ਤੁਹਾਨੂੰ ਇਸ ਵਕੀਲ ਨੂੰ ਨਿਯੁਕਤ ਕਰਨ ਦਾ ਫੈਸਲਾ ਕਰ ਸਕਦੇ ਹਨ, ਪਰ ਤੁਹਾਡੇ ਲਈ ਜ਼ਰੂਰੀ ਨਹੀਂ ਹੈ।
  - 416-947-3330 (ਟੋਰਾਂਟੋ ਵਿੱਚ)
  - 1-800-268-8326 (ਕਰ ਰਹਿਤ)
- **ਲਾਅ ਸੁਸਾਇਟੀ ਆਫ ਅੱਪਰ ਕੈਨੇਡਾ (ਐਲਐਸਯੂਸੀ)** ਓਨਟਾਰੀਓ ਵਿਚ ਪ੍ਰਮਾਣਤ ਪਰਿਵਾਰਕ ਕਾਨੂੰਨ ਦੇ ਮਾਹਿਰ ਲਈ **ਲਾਇਰ ਡਾਇਰੈਕਟਰੀ www.lsuc.on.ca** ਤੇ ਵੇਖੋ।
- **ਕਨੇਡਿਅਨ ਫ਼ੈਮਿਲੀ ਲਾਅ ਲਾਇਰਸ ਨੈਟਵਰਕ** ਵਕੀਲਾਂ ਦਾ ਅਜਿਹਾ ਨੈਟਵਰਕ ਹੈ ਜੋ ਪਰਿਵਾਰਿਕ ਕਾਨੂੰਨ ਵਿਚ ਪ੍ਰੈਕਟਿਸ ਕਰਦੇ ਹਨ। ਤੁਹਾਡੇ ਸ਼ਹਿਰ ਵਿੱਚੋਂ ਸਦੱਸ ਵਕੀਲ ਤੁਹਾਡਾ ਨਾਮ ਅਤੇ ਨੰਬਰ ਪ੍ਰਾਪਤ ਹੋਣ ਦੇ 24 ਘੰਟੇ ਦੇ ਅੰਦਰ ਤੁਹਾਨੂੰ ਫ਼ੋਨ ਕਰੇਗਾ। ਪਹਿਲਾ ਸੰਪਰਕ ਗੁਪਤ ਅਤੇ ਮੁਫਤ ਹੈ। ਵਕੀਲ ਨਾਲ ਗੱਲ ਕਰਨ ਤੋਂ ਬਾਅਦ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਉਸ ਵਕੀਲ ਨੂੰ ਕਰਨਾ ਚਾਹੁੰਦੇ ਹੋ ਜਾਂ ਨਹੀਂ, ਪਰ ਉਸਨੂੰ ਕਰਨ ਦੀ ਤੁਹਾਨੂੰ ਕੋਈ ਬੰਦਿਸ਼ ਨਹੀਂ ਹੈ। ਤੁਸੀਂ ਉਹਨਾਂ ਦੀ ਵੈਬਸਾਇਟ ਤੇ **www.cflln.ca** ਬੇਨਤੀ ਕਰ ਸਕਦੇ ਹੋ ਜਾਂ 1-888-660-4869 ਤੇ ਕਾਲ ਕਰ ਸਕਦੇ ਹੋ (ਕਰ ਰਹਿਤ)।

**5. ਪੀੜਿਤ ਮਹਿਲਾਵਾਂ ਲਈ ਤੁਹਾਡਾ ਸਥਾਨਕ ਸ਼ਰਨ ਕੇਂਦਰ ਵੀ ਤੁਹਾਨੂੰ ਸਥਾਨਕ ਪਰਿਵਾਰਕ ਕਾਨੂੰਨ ਦੇ ਵਕੀਲ ਕੋਲ ਭੇਜਣ ਦੇ ਯੋਗ ਹੋ ਸਕਦਾ ਹੈ।**

## ਕੋਰਟਹਾਊਸ ਵਿਖੇ ਮਦਦ ਪ੍ਰਾਪਤ ਕਰਨਾ

ਜੇਕਰ ਤੁਸੀਂ ਪਰਿਵਾਰਕ ਕਾਨੂੰਨ ਦੇ ਮੁੱਦੇ ਲਈ ਕੋਰਟ ਜਾ ਰਹੇ ਹੋ, ਤਾਂ ਸੰਭਵ ਹੈ ਤੁਸੀਂ ਕੋਰਟਹਾਊਸ ਵਿਖੇ ਕੁਝ ਕਾਨੂੰਨੀ ਜਾਣਕਾਰੀ ਅਤੇ ਸਲਾਹ ਪ੍ਰਾਪਤ ਕਰ ਸਕੋ।

### 1. ਡਿਊਟੀ ਵਕੀਲ਼

ਜੇ ਤੁਹਾਨੂੰ ਕੋਰਟ ਵਿੱਚ ਪੇਸ਼ ਹੋਣਾ ਹੈ ਅਤੇ ਤੁਹਾਡਾ ਕੋਈ ਵਕੀਲ ਨਹੀਂ ਹੈ, ਤਾਂ ਸੰਭਵ ਹੈ ਤੁਸੀਂ ਕੋਰਟਹਾਊਸ ਵਿਖੇ ਡਿਊਟੀ ਵਕੀਲ਼ ਵਲੋਂ ਮੁਫ਼ਤ ਕਾਨੂੰਨੀ ਸਲਾਹ ਪ੍ਰਾਪਤ ਕਰ ਸਕੋ। ਤੁਹਾਨੂੰ ਇਹ ਦਰਸ਼ਾਉਣਾ ਪੈ ਸਕਦਾ ਹੈ ਕਿ ਤੁਸੀਂ ਕਿਸੇ ਵਕੀਲ ਦੇ ਖਰਚ ਦਾ ਭੁਗਤਾਨ ਕਰਨ ਦੀ ਸਮਰੱਥਾ ਨਹੀ ਰਖਦੇ। ਡਿਊਟੀ ਸਲਾਹ ਵਕੀਲ, ਬਹੁਤੇਰੇ ਪਰਿਵਾਰਕ ਕੋਰਟਹਾਊਸਾਂ ਵਿੱਚ ਉਪਲੱਬਧ ਹਨ। ਉਹ ਕੋਰਟ ਦੀ ਕਾਰਵਾਈ ਬਾਰੇ ਸਮਝਾ ਸਕਦੇ ਹਨ, ਤੁਹਾਨੂੰ ਕੋਰਟ ਲਈ ਦਸਤਾਵੇਜ਼ ਤਿਆਰ ਕਰਨ ਵਿੱਚ ਮਦਦ ਕਰ ਸਕਦੇ ਹਨ, ਜਾਂ ਸਮਝੌਤਾ ਕਰਕੇ ਨਿਪਟਾਰੇ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਕੁਝ ਕੇਸਾਂ ਵਿਚ, ਡਿਊਟੀ ਵਕੀਲ ਸਧਾਰਨ ਮਾਮਲੇ ਲਈ, ਕੋਰਟ ਵਿੱਚ ਤੁਹਾਡੀ ਨੁਮਾਇੰਦਗੀ ਕਰਨ ਦੇ ਯੋਗ ਹੋ ਸਕਦਾ ਹੈ।

ਕੁਝ ਪਰਿਵਾਰਕ ਕਾਨੂੰਨ ਕੋਰਟਾਂ ਵਿਚ ਤੁਸੀਂ ਕਾਨੂੰਨ ਦੇ ਵਿਦਿਆਰਥੀਆਂ ਦੀ ਮਦਦ ਪ੍ਰਾਪਤ ਕਰ ਸਕਦੇ ਹੋ। ਲਾਅ ਦੇ ਵਿਦਿਆਰਥੀ ਕੋਰਟ ਦੇ ਫਾਰਮ ਭਰਨ ਲਈ ਉਹਨਾਂ ਲੋਕਾਂ ਦੀ ਮਦਦ ਕਰ ਸਕਦੇ ਹਨ ਜਿਹਨਾਂ ਦੇ ਵਕੀਲ ਨਹੀ ਹੁਦੇ।

### 2. ਲਾਜ਼ਮੀ ਜਾਣਕਾਰੀ ਪ੍ਰੋਗਰਾਮ

ਜੇ ਤੁਸੀਂ ਅਤੇ ਤੁਹਾਡੇ ਸਾਥੀ ਪਰਿਵਾਰਿਕ ਅਦਾਲਤ ਦਾ ਕੇਸ ਸ਼ੁਰੂ ਕਰ ਰਹੇ ਹੈ, ਤਾਂ ਬਹੁਤੇ ਕੇਸਾਂ ਵਿੱਚ, ਤੁਹਾਨੂੰ ਦੋਨਾਂ ਨੂੰ ਇੱਕ ਜਾਣਕਾਰੀ ਪ੍ਰੋਗ੍ਰਾਮ ਵਿਚ ਹਾਜਰ ਰਹਿਣਾ ਜਰੂਰੀ ਹੈ ਜੋ ਕਿ ਕੋਰਟ ਪ੍ਰਕਿਰਿਆ ਦੀ ਵਿਆਖਿਆ ਅਤੇ ਉਹਨਾਂ ਪਰਿਵਾਰਾਂ ਨੂੰ ਲੋਕਲ ਸਰੋਤ ਉਪਲੱਬਧ ਕਰਵਾਉਦਾ ਹੈ ਜੋ ਵਿਛੋੜੇ ਅਤੇ / ਜਾਂ ਤਲਾਕ ਦੇ ਦੌਰ ਚੋਂ ਗੁਜਰ ਰਹੇ ਹਨ। ਲਾਜ਼ਮੀ ਜਾਣਕਾਰੀ ਪ੍ਰੋਗਰਾਮ (ਐਮਆਈਪੀ) ਉਨਟਾਰੀਓ ਭਰ ਵਿੱਚ ਫੈਮਲੀ ਕੋਰਟ ਟਿਕਾਣਿਆਂ ‘ਤੇ ਉਪਲਬਧ ਹੁੰਦੇ ਹਨ। ਇਹ ਜਾਣਕਾਰੀ ਲੀਗਲ ਏਡ ਉਨਟਾਰੀਓ ਦੇ ਫੈਮਲੀ ਲਾਅ ਦੀ ਜਾਣਕਾਰੀ ਪ੍ਰੋਗਰਾਮ (ਫਲਿੱਪ) **www.legalaid.on.ca** ਦੇ ਰਾਹੀਂ ਆਨਲਾਈਨ ਵੀ ਉਪਲੱਬਧ ਹੈ।

### 3. ਪਰਿਵਾਰਕ ਵਿਚੋਲਗੀ ਸੇਵਾਵਾਂ

ਵਿਚੋਲਗੀ ਇੱਕ ਤਰੀਕਾ ਹੈ ਜਿਸ ਵਿਚ ਸਾਥੀ ਇੱਕ ਵਿਚੋਲੇ ਦੀ ਮਦਦ ਨਾਲ, ਜੋ ਕਿ ਤੀਜਾ ਵਿਅਕਤੀ ਹੈ ਅਤੇ ਦੋਨਾਂ ਸਾਥੀਆਂ ਦਾ ਭਰੋਸੇਯੋਗ ਹੈ ਅਤੇ ਦੋਨਾਂ ਦੁਆਰਾ ਸਵੀਕਾਰਿਆ ਗਿਆ ਹੈ ਨਾਲ ਅਦਾਲਤ ਦੇ ਬਾਹਰ ਆਪਣੇ ਮਤਭੇਦਾਂ ਨਾਲ ਨਜਿੱਠਣ ਲਈ ਮਨ ਜਾਂਦੇ ਹਨ। ਸਰਕਾਰ ਉਨਟਾਰੀਓ ਵਿੱਚ ਸਾਰੇ ਪਰਿਵਾਰਕ ਅਦਾਲਤਾਂ ਵਿੱਚ ਪਰਿਵਾਰਾਂ ਨੂੰ ਵਿਚੋਲੇ ਪ੍ਰਦਾਨ ਕਰਦਾ ਹੈ। ਇਹ ਸੇਵਾਵਾਂ, ਕੋਰਟਹਾਉਸਾਂ ਵਿਚ ਉਹਨਾਂ ਕੇਸਾਂ ਲਈ ਮੁਫਤ ਉਪਲਬਧ ਹੁੰਦੀਆਂ ਹਨ ਜੋ ਉਸ ਹੀ ਦਿਨ ਅਦਾਲਤ ਵਿੱਚ ਪੇਸ਼ ਹੋਣ ਲਈ ਤਹਿ ਹੁੰਦੇ ਹਨ।

ਜੇਕਰ ਤੁਸੀਂ ਜਾਂ ਤੁਹਾਡਾ ਸਾਥੀ ਲੀਗਲ ਏਡ ਦੇ ਘੱਟ ਆਮਦਨ ਨਿਯਮ ਨੂੰ ਪੂਰਾ ਕਰਦਾ ਹੈ ਤਾਂ ਲੀਗਲ ਏਡ ਉਨਟਾਰੀਓ ਵੀ ਤੁਹਾਨੂੰ ਵਿਚੋਲਗੀ ਸੇਵਾ ਦੀ ਪੇਸ਼ਕਸ਼ ਕਰਦਾ ਹੈ। ਤੁਸੀਂ ਕੁਝ ਕੋਰਟਹਾਊਸਾਂ ਵਿਚ, ਪਰਿਵਾਰਿਕ ਕਾਨੂੰਨ ਸੇਵਾ ਕੇਂਦਰ ਅਤੇ ਪਰਿਵਾਰਿਕ ਕਾਨੂੰਨ ਜਾਣਕਾਰੀ ਕੇਂਦਰ ਵਿਚ ਲੀਗਲ ਏਡ ਵਿਚੋਲਗੀ ਸੇਵਾ ਦੀ ਮੰਗ ਕਰ ਸਕਦੇ ਹੋ।

ਜੇਕਰ ਤੁਸੀਂ ਵਿਚੋਲੇ ਨੂੰ ਆਪ ਰਕਮ ਅਦਾ ਕਰ ਸਕਦੇ ਹੋ, ਤਾਂ ਬਹੁਤ ਸਾਰੀਆਂ ਪ੍ਰਾਈਵੇਟ ਵਿਚੋਲਗੀ ਸੇਵਾਵਾਂ ਵੀ ਉਪਲੱਬਧ ਹਨ।

**ਜੇ ਰਿਸ਼ਤੇ ਵਿਚ ਦੁਰਵਿਵਹਾਰ ਹੋਵੇ ਜਾਂ ਕੀਤਾ ਗਿਆ ਹੋਵੇ ਤਾਂ ਹਰ ਵਾਰ ਵਿਚੋਲਗੀ ਦੀ ਸਿਫਾਰਿਸ਼ ਨਹੀਂ ਕੀਤੀ ਜਾਂਦੀ।**

ਵਿਚੋਲਗੀ ਬਾਰੇ ਵਧੇਰੇ ਜਾਣਕਾਰੀ ਲਈ, ਤੁਸੀਂ, "ਆਲਟਰਨੇਟਿਵ ਡਿਸਪਿਊਟ ਰੈਜ਼ੋਲਿਊਸ਼ਨ ਅਤੇ ਫੈਮਲੀ ਲਾਅ" ਪੜ੍ਹਨਾ ਚਾਹ ਸਕਦੇ ਹੋ ਜਾਂ, "ਅਪਵਾਦ, ਕੋਰਟ ਜਾਂ ਇਕ ਹੋਰ ਰਾਹ?: ਪਰਿਵਾਰਕ ਵਿਵਾਦ ਨੂੰ ਹੱਲ ਕਰਨ ਲਈ ਵੱਖ ਵੱਖ ਢੰਗ," ਵੈਬੀਨਾਰ ਦੇਖੋ, ਦੋਨੋ ਫਲਿਊ ਦੀ ਵੈੱਬਸਾਈਟ www.onefamilylaw.ca ਤੇ ਹਨ।

## ਆਪਣੇ ਪਰਿਵਾਰਕ ਕਾਨੂੰਨ ਵਕੀਲ ਦਾ ਭੁਗਤਾਨ ਕਿਸ ਤਰਾਂ ਕਰਨਾ ਹੈ

### 1. ਲੀਗਲ ਏਡ ਉਨਟਾਰੀਓ (ਐਲ ਏ ਓ) – ਸਰਟੀਫਿਕੇਟ

ਇੱਕ ਵਕੀਲ ਕਰਨ ਨਾਲ ਪੈਸੇ ਖ਼ਰਚ ਹੋਵੇਗਾ। ਜੇਕਰ ਤੁਸੀਂ ਵਕੀਲ ਨਹੀਂ ਕਰ ਸਕਦੇ, ਤਾਂ ਸੰਭਵ ਹੈ ਓਨਟਾਰੀਓ ਸਰਕਾਰ ਤੁਹਾਨੂੰ ਇੱਕ ਵਕੀਲ ਲਈ ਖਰਚ ਦਾ ਭੁਗਤਾਨ ਕਰਨ ਵਿੱਚ ਮਦਦ ਕਰੇ। ਕੁਝ ਪਰਿਵਾਰਕ ਕਾਨੂੰਨ ਦੇ ਮੁੱਦਿਆਂ ਲਈ, ਵਕੀਲ ਦੇ ਸੇਵਾ ਲਈ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ ਤੁਸੀਂ **ਲੀਗਲ ਏਡ ਸਰਟੀਫਿਕੇਟ** ਲਈ ਲੀਗਲ ਏਡ ਉਨਟਾਰੀਓ (ਲਆਓ) ਕੋਲ ਅਰਜ਼ੀ ਕਰ ਸਕਦੇ ਹੋ।

ਇੱਕ ਸਰਟੀਫਿਕੇਟ ਇੱਕ ਵਾਊਚਰ (ਵਾਅਦਾ) ਹੁੰਦਾ ਹੈ, ਜੋ ਕਿ ਗਰੰਟੀ ਦਿੰਦਾ ਹੈ ਕਿ ਕੁਝ ਘੰਟੇ ਤੁਹਾਡੀ ਨੁਮਾਇੰਦਗੀ ਕਰਨ ਲਈ ਵਕੀਲ ਨੂੰ ਲੀਗਲ ਏਡ ਵਲੋਂ ਭੁਗਤਾਨ ਕੀਤਾ ਜਾਵੇਗਾ। ਘੰਟਿਆਂ ਦੀ ਗਿਣਤੀ ਇਸ ਤੇ ਅਧਾਰਿਤ ਹੈ ਕਿ ਤੁਹਾਨੂੰ ਕਿਸ ਕਿਸਮ ਦੀ ਕਾਨੂੰਨੀ ਮਦਦ ਦੀ ਲੋੜ ਹੈ, ਅਤੇ ਸਾਰਟੀਫਿਕੇਟ ਤੇ ਇਹ ਨਿਸ਼ਾਨ ਲਗਾਇਆ ਜਾਂਦਾ ਹੈ (ਵਧੇਰੇ ਘੰਟੇ ਕਈ ਵਾਰ ਸ਼ਾਮਿਲ ਕੀਤੇ ਜਾ ਸਕਦੇ ਹਨ)। ਕਈ ਵਾਰ, ਲੀਗਲ ਏਡ ਓਨਟਾਰੀਓ ਤੁਹਾਨੂੰ ਇੱਕ ਸਰਟੀਫਿਕੇਟ ਇਸ ਸ਼ਰਤ ਤੇ ਦਿੰਦੀ ਹੈ ਕਿ ਤੁਸੀ ਉਹਨਾਂ ਨੂੰ ਵਾਪਸ ਅਦਾ ਕਰੋਗੇ।

ਜੇਕਰ ਤੁਸੀਂ ਲੀਗਲ ਏਡ ਉਨਟਾਰੀਓ ਦੇ ਲੀਗਲ ਏਡ ਸਰਟੀਫਿਕੇਟ ਲਈ ਨਿਯਮਾਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ ਇਸ ਸਰਟੀਫਿਕੇਟ ਨੂੰ ਵਰਤ ਕੇ ਆਪਣੀ ਚੋਣ ਦਾ ਵਕੀਲ ਨਿਯੁਕਤ ਕਰ ਸਕਦੇ ਹੋ। ਸਾਰੇ ਵਕੀਲ ਲੀਗਲ ਏਡ ਸਰਟੀਫਿਕੇਟ ਨੂੰ ਸਵੀਕਾਰ ਨਹੀਂ ਕਰਦੇ। ਜਦੋਂ ਤੁਸੀਂ ਮੁਲਾਕਾਤ ਲਈ ਕਾਲ ਕਰਦੇ ਹੋ, ਤਾਂ ਵਕੀਲ ਤੋਂ ਇਹ ਪੁੱਛ ਕੇ ਯਕੀਨੀ ਬਣਾਓ ਕਿ ਉਹ ਲੀਗਲ ਏਡ ਦਾ ਕੰਮ ਕਰਦਾ ਹੈ ਜਾਂ ਨਹੀਂ।

**ਜੇਕਰ ਤੁਹਾਡੇ ਸਾਥੀ ਨੇ ਤੁਹਾਡੇ ਨਾਲ ਦੁਰਵਿਵਹਾਰ ਜਾਂ ਧੱਕੇਸ਼ਾਹੀ ਕੀਤੀ ਹੈ**, ਤਾਂ ਤੁਸੀਂ ਦੋ ਘੰਟੇ ਦੇ ਲਈ ਮੁਫ਼ਤ ਕਾਨੂੰਨੀ ਸਲਾਹ ਦੇ ਲਈ ਇੱਕ ਕਾਨੂੰਨੀ ਸਹਾਇਤਾ ਸਰਟੀਫਿਕੇਟ ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਇਸ ਨੂੰ ਸਰਟੀਫਿਕੇਟ ਪ੍ਰਾਪਤ ਕਰਨ ਲਈ ਘੱਟ ਆਮਦਨ ਸਾਬਤ ਕਰਨ ਦੀ ਕੋਈ ਲੋੜ ਨਹੀਂ ਹੈ।

ਤੁਹਾਨੂੰ ਇੱਕ "**ਐਡਵਾਇਸ ਲਾਯਰ ਫ਼ੈਮਿਲੀ ਵਾਇਲੰਸ ਆਥਰਾਇਜ਼ੇਸ਼ਨ**" ਨਾਮ ਦਾ ਫਾਰਮ ਭਰਨਾ ਪਏਗਾ ਜੋ ਤੁਹਾਨੂੰ ਕੁਝ ਕਮਿਊਨਿਟੀ ਲੀਗਲ ਕਲੀਨਿਕਾਂ, ਮਹਿਲਾਵਾਂ ਲਈ ਸ਼ਰਨ ਕੇਂਦਰਾਂ, ਫ਼ੈਮਲੀ ਲਾਅ ਸਰਵਿਸ ਕੇਂਦਰਾਂ ਅਤੇ ਲੀਗਲ ਏਡ ਨੂੰ ਸਿੱਧਾ ਕਾਲ ਕਰਕੇ ਪ੍ਰਾਪਤ ਜੋ ਸਕਦਾ ਹੈ।

ਹੋਰ ਜਾਣਕਾਰੀ ਲਈ, ਜਾਂ ਇੱਕ ਕਾਨੂੰਨੀ ਸਹਾਇਤਾ ਸਰਟੀਫਿਕੇਟ ਲਈ ਅਰਜ਼ੀ ਦੇਣ ਲਈ, ਤੁਸੀਂ ਕਿਸੇ ਲੀਗਲ ਏਡ ਫੈਮਲੀ ਲਾਅ ਸੇਵਾ ਕੇਂਦਰਾਂ ਵਿਚੋਂ ਇੱਕ ਤੇ ਆਪ ਜਾ ਕੇ ਅਰਜ਼ੀ ਦੇ ਸਕਦੇ ਹੋ ਜਾਂ **www.legalaid.on.ca** 'ਤੇ ਵੈਬਸਾਈਟ' ਤੇ ਜਾ ਸਕਦੇ ਹੋ, ਜਾਂ ਕਾਲ ਕਰੋ:

- 416-947-3330 (ਟੋਰਾਂਟੋ ਵਿੱਚ)
- 1-800-268-8326 (ਕਰ ਰਹਿਤ)
- 1-866-641-8867 (ਟੀਟੀਵਾਈ ਲਈ)

## 2. ਪ੍ਰਾਈਵੇਟ ਪ੍ਰੈਕਟਿਸ ਵਿਚ ਵਕੀਲ

ਜੇਕਰ ਤੁਹਾਡੇ ਕੋਲ ਇੱਕ ਲੀਗਲ ਏਡ ਸਰਟੀਫਿਕੇਟ ਨਹੀ ਹੈ ਅਤੇ ਤੁਹਾਨੂੰ ਕਿਸੇ ਵਕੀਲ ਦੀ ਫੀਸ ਲਈ ਆਪਣੇ ਆਪ ਅਦਾਇਗੀ ਕਰਨੀ ਹੈ ਤਾਂ, ਤੁਹਾਡੇ ਲਈ ਇਹ ਯਕੀਨੀ ਬਣਾਉਣਾ ਬਹੁਤ ਹੀ ਮਹੱਤਵਪੂਰਨ ਹੈ ਕਿ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਵਕੀਲ ਤੁਹਾਨੂੰ ਕਿਸ ਤਰਾਂ ਬਿਲ ਕਰੇਗਾ। ਰੱਲ ਕੇ ਕੰਮ ਸ਼ੁਰੂ ਕਰਨ ਤੋ **ਪਹਿਲਾਂ** ਗੱਲਬਾਤ ਕਰਕੇ ਇਹ ਯਕੀਨੀ ਬਣਾਓ ਕਿ ਵਕੀਲ ਤੁਹਾਡੇ ਤੋ ਅੰਦਾਜ਼ਨ ਕਿੰਨੀ **ਫ਼ੀਸ** ਲਵੇਗਾ, ਤੁਹਾਡੇ ਕੇਸ ਦਾ ਖਰਚਾ ਕਿੰਨਾ ਆਵੇਗਾ ਅਤੇ ਭੁਗਤਾਨ ਕਰਨ ਦੇ ਵੱਖ ਵੱਖ ਵਿਕਲਪ ਕੀ ਹਨ। ਆਮ ਤੌਰ ਤੇ ਵਕੀਲ, ਵਕੀਲ ਦੇ ਸਮੇਂ ਦੇ ਹਿਸਾਬ ਨਾਲ ਫੀਸ ਵਸੂਲਦੇ ਹਨ, ਅਤੇ ਤੁਹਾਡੇ ਕੇਸ ਤੇ ਕੰਮ ਕਰਦੇ ਹੋਏ ਹੋਰ ਖਰਚੇ ਸ਼ਾਮਲ ਕਰ ਦਿੰਦੇ ਹਨ ਜਿਵੇਂ ਕਿ ਫ਼ੋਟੋਕਾਪੀ ਕਰਨ ਦੇ ਅਤੇ ਕੋਰਟ ਦੇ ਹੋਰ ਖਰਚੇ (**ਭੁਗਤਾਨ**)।

ਤੁਹਾਨੂੰ ਕਿਸੇ ਵੀ ਵੇਲੇ ਆਪਣੇ ਬਿਲ ਬਾਰੇ ਵੇਰਵੇ ਜਾਣਨ ਦਾ ਹੱਕ ਹੈ। ਤੁਹਾਨੂੰ ਆਪਣੇ ਕੇਸ 'ਤੇ ਕੰਮ ਕਰਨ ਦੌਰਾਨ, ਇਹ ਜਾਣਦੇ ਰਹਿਣਾ ਇੱਕ ਚੰਗਾ ਖਿਆਲ ਹੋਵੇਗਾ ਕਿ ਤੁਸੀਂ ਇਹ ਪੁੱਛਦੇ ਰਹੋ ਕਿ ਵਕੀਲ ਨੇ ਕਿਵੇਂ ਬਿਲ ਕੀਤਾ ਹੈ ਅਤੇ ਤੁਹਾਨੂੰ ਕਦੋਂ ਤੱਕ ਭੁਗਤਾਨ ਕਰਨਾ ਪਵੇਗਾ। ਕੁਝ ਵਕੀਲ ਤੁਹਾਡੇ ਨਾਲ "ਸਲਾਇਡਿੰਗ ਸਕੇਲ," 'ਤੇ ਕੰਮ ਕਰਨ ਲਈ ਸਹਿਮਤ ਹੋ ਜਾਂਦੇ ਹਨ, ਜਿਸਦਾ ਮਤਲਬ ਹੈ ਕਿ ਉਹ ਤੁਹਾਡੇ ਤੋਂ ਘੱਟ ਮੁੱਲ ਵਸੂਲ ਕਰੇਗਾ ਜੇਕਰ ਤੁਹਾਡੀ ਆਮਦਨ ਘੱਟ ਹੋਵੇ।

## ਇੱਕ ਵਕੀਲ ਵਿਚ ਕੀ ਵੇਖਣਾ ਚਾਹੀਦਾ ਹੈ

ਜਦੋਂ ਤੁਸੀਂ ਨਵੇਂ ਵਕੀਲ ਨੂੰ ਕਾਲ ਕਰਦੇ ਹੋ, ਤਾਂ ਉਸਨੂੰ ਇਹ ਜ਼ਰੂਰ ਪੁੱਛੋ ਕਿ ਉਸਨੂੰ ਪਰਿਵਾਰਕ ਕਾਨੂੰਨ ਦਾ ਅਨੁਭਵ ਹੈ ਜਾਂ ਨਹੀਂ। ਇੱਕ ਵਕੀਲ ਦੀ ਭਾਲ ਕਰਦੇ ਹੋਏ ਇਹ ਵੀ ਦੇਖਣਾ ਜ਼ਰੂਰੀ ਹੈ ਕਿ ਉਹ:

- ਜੇ ਤੁਹਾਡੇ ਨਾਲ ਦੁਰਵਿਵਹਾਰ ਕੀਤਾ ਗਿਆ ਹੈ, ਤਾਂ ਉਸਨੂੰ ਘਰੇਲੂ ਹਿੰਸਾ ਦੇ ਨਾਲ ਦਾ ਤਜਰਬਾ ਹੈ
- ਧਿਆਨ ਨਾਲ ਸੁਣਦਾ ਹੈ
- ਤੁਹਾਨੂੰ ਵਿਸਤਾਰ ਨਾਲ ਚੀਜਾਂ ਦੱਸਦਾ ਹੈ, ਤਾਂ ਕਿ ਤੁਸੀਂ ਸਮਝ ਸਕੋ
- ਤੁਹਾਡੇ ਸਵਾਲਾਂ ਦੇ ਜਵਾਬ ਦਿੰਦਾ ਹ
- ਸਲਾਹ ਦਿੰਦਾ ਹੈ, ਪਰ ਇਹ ਵੀ ਸਮਝਦਾ ਹੈ ਤੁਹਾਡੀਆਂ ਪਰਿਵਾਰ ਦੀਆਂ ਸਮੱਸਿਆਵਾਂ ਲਈ ਕੀ ਇੱਛਾਵਾਂ ਹਨ
- ਜੇ ਤੁਸੀਂ ਸਹਾਇਤਾ ਲਈ ਨਾਲ ਕਿਸੀ ਵਿਅਕਤੀ ਨੂੰ ਲੈ ਕੇ ਜਾਂਦੇ ਹੋ ਤਾਂ, ਸੁਖਾਵਾਂ ਰਹਿੰਦਾ ਹੈ
- ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋਵੇ ਤਾਂ ਲੱਭਣ ਵਿੱਚ ਮਦਦ ਕਰਦਾ ਹੈ
- ਤੁਹਾਨੂੰ ਕਾਹਲ ਮਹਿਸੂਸ ਨਹੀ ਕਰਵਾਉਂਦਾ
- ਕੁਝ ਦਿਨ ਦੇ ਅੰਦਰ ਤੁਹਾਡੀ ਕਾਲ ਦਾ ਜਵਾਬ ਦਿੰਦਾ ਹੈ

- ਬਿੱਲ ਦੇ ਬਾਰੇ ਸਪਸ਼ਟ ਹੈ
- ਜੇਕਰ ਤੁਹਾਡੇ ਕੋਲ ਕਾਨੂੰਨੀ ਸਹਾਇਤਾ ਸਰਟੀਫਿਕੇਟ ਹੋਵੇ ਤਾਂ ਉਸਨੂੰ ਸਵੀਕਾਰ ਕਰੇਗਾ
- ਤੁਹਾਡੀ ਅਪਾਹਜਤਾ ਦੀ ਸਮਾਈ ਕਰੇਗਾ
- ਜੇਕਰ ਤੁਸੀਂ ਕਹਿੰਦੇ ਹੋ ਤਾਂ ਤੁਹਾਨੂੰ ਕਾਨੂੰਨੀ ਦਫ਼ਤਰ ਦੇ ਬਾਹਰ ਮਿਲੇਗਾ
- ਜੇ ਜਰੂਰੀ ਹੋਵੇ ਤੁਹਾਨੂੰ, ਦਫ਼ਤਰ ਵਿਚ ਤੁਹਾਡੇ ਬੱਚੇ ਲਿਆਉਣ ਦਿੰਦਾ ਹੈ

ਆਪਣੇ ਵਕੀਲ ਨੂੰ ਫੋਨ ਕਰਨ ਸਮੇਂ ਅਤੇ ਮਿਲਣ ਸਮੇਂ ਤਿਆਰੀ ਕਰਨਾ ਅਤੇ ਆਯੋਜਿਤ ਰਹਿਣਾ ਯਾਦ ਰਖੋ। ਸਵਾਲ ਪੁੱਛੋ ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਜਵਾਬ ਸਮਝਦੇ ਹੋ। ਤੁਹਾਨੂੰ ਮਹੱਤਵਪੂਰਨ ਨੁਕਤੇ ਯਾਦ ਕਰਨ ਵਿੱਚ ਮਦਦ ਕਰਨ ਲਈ ਨੋਟ ਲਿਖ ਲੈਣੇ ਚਾਹੀਦੇ ਹਨ, ਜਾਂ ਤੁਹਾਨੂੰ ਵਕੀਲ ਦੇ ਦਫਤਰ ਵਿਚ ਕਿਸੇ ਹੋਰ ਭਰੋਸੇਮੰਦ ਵਿਅਕਤੀ ਨੂੰ ਨਾਲ ਲੈ ਕੇ ਜਾਣਾ ਚਾਹੀਦਾ ਹੈ। ਤੁਸੀਂ ਉਸ ਵਿਅਕਤੀ ਦੇ ਸਾਹਮਣੇ ਖੁੱਲ ਕੇ ਅਤੇ ਇਮਾਨਦਾਰੀ ਨਾਲ ਬੋਲ ਸਕਦੇ ਹੋਵੋ, ਅਤੇ ਇਹ ਯਕੀਨੀ ਬਣਾਓ ਕਿ ਉਹ ਤੁਹਾਡੀ ਗੱਲਬਾਤ ਗੁਪਤ ਰਖੇ।

ਵਕੀਲ ਵਲੋਂ ਤੁਹਾਡੇ ਕੋਲੋਂ ਬਹੁਤ ਸਾਰੇ ਸਵਾਲ ਪੁੱਛੇ ਜਾਣ ਲਈ ਤਿਆਰ ਰਹੋ। ਆਪਣੇ ਵਕੀਲ ਦੇ ਨਾਲ ਇਮਾਨਦਾਰ ਰਹਿਣਾ ਬਹੁਤ ਜ਼ਰੂਰੀ ਹੈ। ਜੇ ਤੁਹਾਡੇ ਸਾਥੀ ਨੇ ਕਦੇ ਤੁਹਾਡੇ ਨਾਲ ਧੱਕੇਸ਼ਾਹੀ ਜਾਂ ਦੁਰਵਿਵਹਾਰ ਕੀਤਾ ਹੈ, ਤਾਂ ਤੁਹਾਨੂੰ ਉਸ ਨੂੰ ਦੱਸਣਾ ਚਾਹੀਦਾ ਹੈ। ਤੁਹਾਡਾ ਵਕੀਲ ਤੁਹਾਡੀ ਵਧੀਆ ਢੰਗ ਨਾਲ ਮਦਦ ਕਰਨ ਦੇ ਯੋਗ ਹੋਵੇਗਾ ਜੇਕਰ ਤੁਸੀਂ ਉਸਨੂੰ ਆਪਣੀ ਸਥਿਤੀ ਬਾਰੇ ਜਿੰਨਾ ਸੰਭਵ ਹੋਵੇ ਜਾਣਕਾਰੀ ਦੇਵੋਗੇ।

ਜੇਕਰ ਤੁਸੀਂ ਫ੍ਰੈਂਚ ਵਿੱਚ ਕੰਮ ਕਰਨ ਵਿਚ ਹੋਰ ਆਰਾਮਦਾਇਕ ਹੁੰਦੇ ਹੋ, ਤਾਂ ਤੁਸੀਂ ਫਲਿਉ ਦੀ ਵੈਬਸਾਈਟ www.onefamilylaw.ca ਤੇ “**ਫ੍ਰੈਂਚ ਲੈਂਗੁਏਜ ਸਰਵਿਸਿਜ਼ ਅਤੇ ਫ਼ੈਮਿਲੀ ਲਾਅ**” ਜਾਂ **www.undroitdefamille.ca** ਤੇ ontariennes et droit de la famille (FODF) ਪੜਨਾ ਚਾਹੋਗੇ।

Ontario

- *ਇਸ ਸਮੱਗਰੀ ਵਿੱਚ ਵਿਅਕਤ ਵਿਚਾਰ ਫਲਿਊ ਦੇ ਹਨ ਅਤੇ ਲਾਜ਼ਮੀ ਤੌਰ ਤੇ ਸੂਬੇ ਦੇ ਨਹੀ ਹਨ।*

The Law Foundation of Ontario
Building a better foundation for justice in Ontario

- *ਭਾਵੇਂ ਇਹ ਵਿੱਤੀ ਤੌਰ 'ਤੇ ਉਨਟਾਰੀਓ ਦੀ ਕਾਨੂੰਨ ਵਿਵਸਥਾ ਦੀ ਫਾਊਨਡੇਸ਼ਨ ਦੇ ਸਹਿਯੋਗ ਨਾਲ ਹੈ, ਫਿਰ ਵੀ ਇਸ ਪ੍ਰਕਾਸ਼ਨ ਦੀ ਸਮੱਗਰੀ ਲਾਜ਼ਮੀ ਤੌਰ ਤੇ ਫਾਊਨਡੇਸ਼ਨ ਦੇ ਵਿਚਾਰ ਨਹੀ ਦਰਸ਼ਾਉਂਦੀ।*

*ਜਦੋਂ ਕੋਈ ਨਿਕਟਵਰਤੀ ਰਿਸ਼ਤਾ ਖਤਮ ਹੋ ਰਿਹਾ ਹੁੰਦਾ ਹੈ ਤਾਂ ਹਿੰਸਾ ਦਾ ਖਤਰਾ ਵੱਧ ਜਾਂਦਾ ਹੈ। ਜੇ ਤੁਸੀ ਖਤਰੇ ਵਿਚ ਹੋ ਤਾਂ, 911 ਤੇ ਕਾਲ ਕਰੋ। ਜੇ ਤੁਸੀ ਜਾਂ ਤੁਹਾਡੀ ਪਛਾਣ ਦਾ ਕੋਈ ਖਤਰੇ ਵਿਚ ਹੈ ਤਾਂ ਮਦਦ ਲੈਣ ਦੀ ਜਾਣਕਾਰੀ ਲਈ ਫਲਿਊ ਦੀ ਵੈਬਸਾਇਟ ਵੇਖੋ।*

*ਜੇ ਤੁਸੀ ਫ੍ਰੈਂਚ ਭਾਸ਼ਾ ਬੋਲਣ ਵਾਲੀ ਮਹਿਲਾ ਹੋ ਜੋ ਓਨਟਾਰੀਓ ਵਿਚ ਰਹਿੰਦੀ ਹੈ, ਤਾਂ ਤੁਹਾਨੂੰ ਫ੍ਰੈਂਚਫ੍ਰੈਂਚ ਭਾਸ਼ਾ ਵਿਚ ਪਰਿਵਾਰਕ ਅਦਾਲਤ ਦੀ ਸੁਣਵਾਈ ਕਰਵਾਉਣ ਦਾ ਪੂਰਾ ਹੱਕ ਹੈ। ਆਪਣੇ ਹੱਕਾਂ ਦੀ ਵਧੇਰੇ ਜਾਣਕਾਰੀ ਲਈ, ਵਕੀਲ, ਕਮਿਯੂਨਿਟੀ ਕਾਨੂੰਨੀ ਕਲੀਨਿਕ, ਜਾਂ ਸਹਿਯੋਗ ਲਾਈਨ ਫ਼ੇਮਏਡ ਨੂੰ 1-877-336-2433, ਟੀਟੀਵਾਈ 1-866-860-7082 ਤੇ ਸੰਪਰਕ ਕਰੋ।*

*ਫ੍ਰੈਂਚ ਭਾਸ਼ਾ ਵਿਚ ਹੋਰ ਸੇਵਾਵਾਂ ਦੀ ਜਾਣਕਾਰੀ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਇਟ www.onefamilylaw.ca ਜਾਂ www.undroitdefamille.ca ਵੇਖੋ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. **ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)**
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪੁਸਤਿਕਾ ਅਨੇਕ ਰੂਪਾਂ ਅਤੇ ਭਾਸ਼ਾਵਾਂ ਵਿਚ ਉਪਲਬਧ ਹੈ। ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ www.onefamilylaw.ca ਵੇਖੋ। ਤੁਸੀ ਆਪਣੇ ਪਰਿਵਾਰਕ ਕਾਨੂੰਨ ਹੱਕਾਂ ਨੂੰ ਜਾਣਨ ਅਤੇ ਸਮਝਣ ਲਈ ਵੈਬਸਾਇਟ ਤੇ ਵਧੇਰੇ ਸਮੱਗਰੀ ਲਭ ਸਕਦੇ ਹੋ।*


flew Family Law Education for Women
Women's Right to Know

fodf Femmes ontariennes et droit de la famille
Le droit de savoir